
ਵਿਸ਼ਾ ਪੰਜਾਬੀ ਜਮਾਤ ਦਸਵੀਂ ਸਾਲ ਅਪਰੈਲ 2020

# ਗੁਰਮਤਿ ਕਾਵਿ ਗੁਰੂ ਨਾਨਕ ਦੇਵ ਜੀ

## (ਪ੍ਰਸੰਗ ਸਹਿਤ ਵਿਆਖਿਆ ਅਤੇ ਕੇਂਦਰੀ ਭਾਵ)



### 1. ਪਵਣੁ ਗੁਰੂ ਪਾਣੀ ਪਿਤਾ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਦਿਵਸ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥1॥

(ਪੰਨਾ 8)

ਪ੍ਰਸੰਗ :- ਇਹ ਕਾਵਿ-ਟੋਟਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼੍ਰੋਮਣੀ ਰਚਨਾ 'ਜਪੁਜੀ' ਦੇ ਅੰਤ ਵਿੱਚ ਆਉਦੇ ਸਲੋਕ ਦਾ ਇੱਕ ਅੰਸ਼ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ 'ਪਵਣੁ ਗੁਰੂ ਪਾਣੀ ਪਿਤਾ' ਸਿਰਲੇਖ ਹੇਠ ਦਰਜ ਹੈ। ਇਸ ਰੂਪ ਵਿੱਚ ਗੁਰੂ ਜੀ ਨੇ ਜਗਤ ਨੂੰ ਇੱਕ ਰੰਗ ਭੂਮੀ ਦਸਦਿਆਂ ਮਨੁੱਖ ਦੇ ਨੇਕ ਅਮਲਾਂ ਤੇ ਨਾਮ ਸਿਮਰਨ ਦਾ ਮਹੱਤਵ ਦਰਸਾਇਆ ਹੈ।

ਵਿਆਖਿਆ :- ਗੁਰੂ ਜੀ ਫ਼ਰਮਾਉਂਦੇ ਹਨ ਕਿ ਪਵਣੁ ਰੂਪੀ ਸੁਆਸ ਸਰੀਰਾਂ ਲਈ ਇਸ ਤਰ੍ਹਾਂ ਹਨ, ਜਿਸ ਤਰ੍ਹਾਂ ਗੁਰੂ ਜੀਵਾਂ ਦੀ ਆਤਮਾ ਲਈ ਹੈ। ਪਾਣੀ ਸਭ ਜੀਵਾਂ ਦਾ ਬਾਪ ਹੈ ਅਤੇ ਧਰਤੀ ਸਭ ਦੀ ਵੱਡੀ ਮਾਂ ਹੈ। ਦਿਨ ਅਤੇ ਰਾਤ ਦੋਵੇਂ ਪਾਲਣ ਅਤੇ ਖਿਡਾਉਣ ਵਾਲੇ ਹਨ ਅਤੇ ਸਾਰਾ ਸੰਸਾਰ ਉਨ੍ਹਾਂ ਦੇ ਹੱਥਾਂ ਵਿੱਚ ਖੇਡ ਰਿਹਾ ਹੈ। ਧਰਮਰਾਜ ਅਕਾਲ ਪੁਰਖ ਦੀ ਹਜ਼ੂਰੀ ਵਿੱਚ (ਜੀਵਾਂ ਦੇ ਕੀਤੇ ਹੋਏ) ਚੰਗੇ ਤੇ ਮੰਦੇ ਕੰਮ ਵਿਚਾਰਦਾ ਹੈ। ਆਪੋ-ਆਪਣੇ (ਇਨ੍ਹਾਂ ਕੀਤੇ ਹੋਏ) ਕਰਮਾਂ ਦੇ ਅਨੁਸਾਰ ਕਈ ਜੀਵ ਅਕਾਲ ਪੁਰਖ ਦੇ ਨੇੜੇ ਹੋ ਜਾਂਦੇ ਹਨ ਅਤੇ ਕਈ ਅਕਾਲ ਪੁਰਖ ਤੋਂ ਦੂਰ ਹੋ ਜਾਂਦੇ ਹਨ। ਜਿਨ੍ਹਾਂ ਮਨੁੱਖਾਂ ਨੇ ਅਕਾਲ ਪੁਰਖ ਦਾ ਨਾਮ ਸਿਮਰਿਹਾ ਹੈ, ਉਹ ਆਪਣੀ ਮਿਹਨਤ ਸਫਲੀ ਕਰ ਗਏ ਹਨ। ਅਕਾਲ ਪੁਰਖ ਦੇ ਦਰ 'ਤੇ ਉਹ ਉੱਜਲ ਮੁੱਖ ਵਾਲੇ ਹਨ ਅਤੇ ਹੋਰ ਵੀ ਕਈ ਜੀਵ ਉਨ੍ਹਾਂ ਦੀ ਸੰਗਤ ਵਿੱਚ ਰਹਿ ਕੇ ਬੰਧਨਾਂ ਤੋਂ ਆਜ਼ਾਦ ਹੋ ਗਏ, ਭਾਵ ਮੁਕਤੀ ਪ੍ਰਾਪਤ ਕਰ ਗਏ।

## 2. ਸੋ ਕਿਉ ਮੰਦਾ ਆਖੀਐ

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਪ੍ਰਸੰਗ :- ਇਹ ਕਾਵਿ-ਟੋਟਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਆਸਾ ਦੀ ਵਾਰ' ਵਿੱਚੋਂ ਲਿਆ ਗਿਆ ਇੱਕ ਸ਼ਲੋਕ ਹੈ। ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ 'ਸੋ ਕਿਉਂ ਮੰਦਾ ਆਖੀਐ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਗੁਰੂ ਜੀ ਨੇ ਸਮੁੱਚੇ ਮਨੁੱਖੀ ਜੀਵਨ ਵਿੱਚ ਇਸਤਰੀ ਦੀ ਲੋੜ ਤੇ ਮਹਾਨਤਾ ਨੂੰ ਪਛਾਨਣ ਦਾ ਸੰਦੇਸ਼ ਦਿੱਤਾ ਹੈ। ਗੁਰੂ ਜੀ ਦੱਸਦੇ ਹਨ ਕਿ ਕੇਵਲ ਪਰਮਾਤਮਾ ਹੀ ਹੈ ਜਿਹੜਾ ਇਸਤਰੀ ਤੋਂ ਨਹੀਂ ਜੰਮਿਆ। ਸਾਨੂੰ ਸਦਾ ਉਸ ਦੇ ਗੁਣ ਗਾਉਣੇ ਚਾਹੀਦੇ ਹਨ।

**ਵਿਆਖਿਆ** :- ਗੁਰੂ ਜੀ ਫੁਰਮਾਉਂਦੇ ਹਨ ਕਿ ਮਨੁੱਖ ਕਿ ਮਨੁੱਖੀ ਜੀਵ ਇਸਤਰੀ ਤੋਂ ਜਨਮ ਲੈਂਦਾ ਹੈ ਤੇ ਇਸਤਰੀ ਦੇ ਪੇਟ ਵਿੱਚ ਹੀ ਉਸ ਦਾ ਸਰੀਰ ਬਣਦਾ ਹੈ। ਇਸਤਰੀ ਨਾਲ ਹੀ ਉਸ ਦੀ ਕੁੜਮਾਈ ਤੇ ਵਿਆਹ ਹੁੰਦਾ ਹੈ। ਇਸਤਰੀ ਦੇ ਰਾਹੀਂ ਹੀ ਜੀਵ ਦਾ ਹੋਰਨਾਂ ਲੋਕਾਂ ਨਾਲ ਸਬੰਧ ਬਣਦਾ ਹੈ। ਇਸਤਰੀ ਦੇ ਰਾਹੀਂ ਹੀ ਸੰਸਾਰ ਦੀ ਉਤਪਤੀ ਦਾ ਰਾਹ ਚੱਲਦਾ ਹੈ। ਜੇਕਰ ਇਸਤਰੀ ਮਰ ਜਾਵੇ ਤਾਂ ਮਨੁੱਖ ਹੋਰ ਇਸਤਰੀ ਦੀ ਭਾਲ ਕਰਦਾ ਹੈ ਤੇ ਇਸਤਰੀ ਤੋਂ ਹੀ ਉਸ ਦੀ ਹੋਰਨਾਂ ਨਾਲ ਰਿਸ਼ਤੇਦਾਰੀ ਬਣਦੀ ਹੈ। ਜਿਸ ਇਸਤਰੀ ਜਾਤੀ ਤੋਂ ਰਾਜੇ ਵੀ ਜਨਮ ਲੈਂਦੇ ਹਨ, ਉਸ ਨੂੰ ਬੁਰਾ ਜਾਂ ਨੀਵਾਂ ਆਖਣਾ ਠੀਕ ਨਹੀਂ। ਇਸ ਇਸਤਰੀ ਦਾ ਦਰਜਾ ਸਮੁੱਚੇ ਸੰਸਾਰ ਦੇ ਮਨੁੱਖੀ ਜੀਵਨ ਵਿੱਚ ਬਹੁਤ ਉੱਚਾ ਹੈ।

**ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥**

**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥**

**ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥**

**ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ**

**(ਵਾਰ ਆਸਾ, ਮਹਲਾ੧)**

**ਪ੍ਰਸੰਗ** :- ਇਹ ਕਾਵਿ-ਟੋਟਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਆਸਾ ਦੀ ਵਾਰ' ਵਿੱਚੋਂ ਲਿਆ ਗਿਆ ਇੱਕ ਸ਼ਲੋਕ ਹੈ। ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ 'ਸੋ ਕਿਉਂ ਮੰਦਾ ਆਖੀਐ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਗੁਰੂ ਜੀ ਨੇ ਸਮੁੱਚੇ ਮਨੁੱਖੀ ਜੀਵਨ ਵਿੱਚ ਇਸਤਰੀ ਦੀ ਲੋੜ ਤੇ ਮਹਾਨਤਾ ਨੂੰ ਪਛਾਨਣ ਦਾ ਸੰਦੇਸ਼ ਦਿੱਤਾ ਹੈ। ਗੁਰੂ ਜੀ ਦੱਸਦੇ ਹਨ ਕਿ ਕੇਵਲ ਪਰਮਾਤਮਾ ਹੀ ਹੈ ਜਿਹੜਾ ਇਸਤਰੀ ਤੋਂ ਨਹੀਂ ਜੰਮਿਆ। ਸਾਨੂੰ ਸਦਾ ਉਸ ਦੇ ਗੁਣ ਗਾਉਣੇ ਚਾਹੀਦੇ ਹਨ।

**ਵਿਆਖਿਆ :-** ਗੁਰੂ ਜੀ ਫੁਰਮਾਉਂਦੇ ਹਨ ਕਿ ਸੰਸਾਰ ਦੇ ਮਨੁੱਖੀ ਜੀਵਨ ਵਿੱਚ ਮਹੱਤਵਪੂਰਨ ਦਰਜਾ ਰੱਖਣ ਵਾਲੀ ਇਸਤਰੀ ਦਾ ਜਨਮ ਵੀ ਇਸਤਰੀ ਤੋਂ ਹੀ ਹੁੰਦਾ ਹੈ। ਸੰਸਾਰ ਵਿੱਚ ਕੋਈ ਵੀ ਜੀਵ ਇਸਤਰੀ ਤੋਂ ਬਿਨਾਂ ਪੈਦਾ ਨਹੀਂ ਹੋਇਆ। ਕੇਵਲ ਇੱਕ ਸੱਚਾ ਪਰਮਾਤਮਾ ਹੀ ਹੈ, ਜੋ ਇਸਤਰੀ ਤੋਂ ਨਹੀਂ ਜੰਮਿਆ। ਭਾਵੇਂ ਕੋਈ ਆਦਮੀ ਹੈ, ਜਾਂ ਇਸਤਰੀ, ਜਿਹੜਾ ਵੀ ਆਪਣੇ ਮੂੰਹ ਨਾਲ ਪਰਮਾਤਮਾ ਦੇ ਗੁਣ ਗਾਉਂਦਾ ਹੈ, ਉਸ ਦੇ ਮੱਥੇ ਉੱਤੇ ਭਾਗਾਂ ਦੀ ਮਣੀ ਸ਼ੋਭਦੀ ਹੈ। ਅਰਥਾਤ ਉਹ ਮੱਥਾ ਭਾਗਾਂ ਵਾਲਾ ਹੁੰਦਾ ਹੈ ਤੇ ਅਜਿਹੇ ਮੁੱਖ ਹੀ ਉਸ ਸੱਚੇ ਪ੍ਰਮਾਤਮਾ ਦੇ ਦਰਬਾਰ ਵਿੱਚ ਸੋਹਣੇ ਲੱਗਦੇ ਹਨ।

## 3. ਗਗਨ ਮੈ ਥਾਲੁ

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥

ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥

ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ-ਵਾਲਾ' ਪੁਸਤਕ ਵਿੱਚ ਦਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਗਗਨ ਮੈ ਥਾਲੁ' ਵਿੱਚੋਂ ਲਿਆ ਗਿਆ ਹੈ। ਇਸ ਬਾਣੀ ਵਿੱਚ ਗੁਰੂ ਜੀ ਨੇ ਮੰਦਿਰਾਂ ਵਿੱਚ ਉਤਾਰੀ ਜਾਂਦੀ ਪ੍ਰਭੂ ਦੀ ਆਰਤੀ ਨੂੰ ਇੱਕ ਫੋਕਟ ਕਰਮ ਕਰਾਰ ਦਿੰਦੇ ਹੋਏ ਦੱਸਿਆ ਹੈ ਕਿ ਸਾਰੀ ਕੁਦਰਤ ਹਰ ਸਮੇਂ ਸਰਗੁਣ ਤੇ ਨਿਰਗੁਣ ਸਰੂਪ ਵਾਲੇ ਪਰਮਾਤਮਾ ਦੀ ਆਰਤੀ ਉਤਾਰਨ ਦੇ ਆਹਰ ਵਿਚ ਲੱਗੀ ਹੋਈ ਹੈ ਅਤੇ ਜੀਵ ਵਿਅਕਤੀਗਤ ਰੂਪ ਵਿੱਚ ਪ੍ਰਭੂ ਦੇ ਚਰਨਾਂ ਨਾਲ ਜੁੜ ਕੇ ਤੇ ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰਕੇ ਪ੍ਰਭੂ ਦੇ ਭਾਣੇ ਵਿੱਚ ਵਿਚਰਦਿਆਂ ਕੁਦਰਤ ਦੁਆਰਾ ਉਤਾਰੀ ਜਾ ਰਹੀ ਇਸ ਆਰਤੀ ਵਿੱਚ ਸ਼ਰੀਕ ਹੁੰਦਾ ਹੈ।

ਵਿਆਖਿਆ :- ਗੁਰੂ ਜੀ ਫ਼ਰਮਾਉਂਦੇ ਹਨ ਕਿ ਆਕਾਸ਼ ਰੂਪੀ ਥਾਲ ਵਿੱਚ ਸੂਰਜ ਅਤੇ ਚੰਦ ਦੀਪਕ ਬਣ ਕੇ ਜਾਗ ਰਹੇ ਹਨ ਅਤੇ ਤਾਰਾ ਮੰਡਲ ਮਾਨੋ ਮੋਤੀ ਹਨ। ਮਲਯ ਤੇ ਚੰਦਨ ਦੀ ਖ਼ੁਸ਼ਬੂਦਾਰ ਰੁੱਖਾਂ ਵਿੱਚੋਂ ਲੰਘ ਕੇ ਆਉਣ ਵਾਲੀ ਪੌਣ ਧੂਫ਼ ਦੇ ਰਹੀ ਹੈ ਅਤੇ ਇਹ ਚੱਲਦੀ ਹੋਈ ਪੌਣ ਚਵਰ ਕਰ ਰਹੀ ਹੈ। ਸਾਰੀ ਬਨਸਪਤੀ ਫੁੱਲ ਭੇਟਾ ਕਰ ਰਹੀ ਹੈ। ਕੈਸੀ ਆਰਤੀ ਹੋ ਰਹੀ ਹੈ ! ਹੇ ਪ੍ਰਭੂ ! ਤੇਰੀ ਆਰਤੀ ਕਿੰਨੀ ਅਸਚਰਜ ਹੈ ! ਸਾਰੇ ਜੀਵਾਂ ਵਿੱਚ ਰੁਮਕ ਰਹੀ ਇੱਕ ਰਸ ਜੀਵਨ ਮਾਨੋ ਨਗਾਰੇ ਵੱਜ ਰਹੇ ਹਨ। ਇਸ ਪ੍ਰਕਾਰ ਹੇ ਪ੍ਰਭੂ ! ਸਾਰੀ ਕੁਦਰਤ ਹੀ ਤੇਰੀ ਆਰਤੀ ਉਤਾਰਨ ਦੇ ਕਾਰਜ ਜੁਟੀ ਹੋਈ ਹੈ।

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ-ਵਾਲਾ' ਪੁਸਤਕ ਵਿੱਚ ਦਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਗਗਨ ਮੈ ਥਾਲੁ' ਵਿੱਚੋਂ ਲਿਆ ਗਿਆ ਹੈ। ਇਸ ਬਾਣੀ ਵਿੱਚ ਗੁਰੂ ਜੀ ਨੇ ਮੰਦਿਰਾਂ ਵਿੱਚ ਉਤਾਰੀ ਜਾਂਦੀ ਪ੍ਰਭੂ ਦੀ ਆਰਤੀ ਨੂੰ ਇੱਕ ਫੋਕਟ ਕਰਮ ਕਰਾਰ ਦਿੰਦੇ ਹੋਏ ਦੱਸਿਆ ਹੈ ਕਿ ਸਾਰੀ ਕੁਦਰਤ ਹਰ ਸਮੇਂ ਸਰਗੁਣ ਤੇ ਨਿਰਗੁਣ ਸਰੂਪ ਵਾਲੇ ਪਰਮਾਤਮਾ ਦੀ ਆਰਤੀ ਉਤਾਰਨ ਦੇ ਆਹਰ ਵਿਚ ਲੱਗੀ ਹੋਈ ਹੈ ਅਤੇ ਜੀਵ ਵਿਅਕਤੀਗਤ ਰੂਪ ਵਿੱਚ ਪ੍ਰਭੂ ਦੇ ਚਰਨਾਂ ਨਾਲ ਜੁੜ ਕੇ ਤੇ ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰਕੇ ਪ੍ਰਭੂ ਦੇ ਭਾਣੇ ਵਿੱਚ ਵਿਚਰਦਿਆਂ ਕੁਦਰਤ ਦੁਆਰਾ ਉਤਾਰੀ ਜਾ ਰਹੀ ਇਸ ਆਰਤੀ ਵਿੱਚ ਸ਼ਰੀਕ ਹੁੰਦਾ ਹੈ।

ਵਿਆਖਿਆ :- ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ ! ਸਾਰੇ ਜੀਵਾਂ ਵਿਚ ਵਿਆਪਕ ਹੋਣ ਕਰਕੇ ਇਸ ਸਰਗੁਣ ਸਰੂਪ ਵਿੱਚ ਤੇਰੀਆਂ ਹਜ਼ਾਰਾਂ ਅੱਖਾਂ ਹਨ। ਪਰ ਨਿਰਾਕਾਰ (ਨਿਰਗੁਣ) ਸਰੂਪ ਵਿੱਚ ਤੇਰੀ ਕੋਈ ਵੀ ਅੱਖ ਨਹੀਂ। ਇਸੇ ਪ੍ਰਕਾਰ ਹੀ ਤੇਰੇ ਸਰਗੁਣ ਸਰੂਪ ਦੀਆਂ ਹਜ਼ਾਰਾਂ ਮੂਰਤਾਂ ਹਨ, ਪਰ ਨਿਰਾਕਾਰ ਅਵਸਥਾ ਵਿੱਚ ਤੇਰੀ ਕੋਈ ਮੂਰਤ ਨਹੀਂ। ਤੇਰੇ ਸਰਗੁਣ ਸਰੂਪ ਦੇ ਹਜ਼ਾਰਾਂ ਨਿਰਮਲ ਪੈਰ ਹਨ, ਪਰ ਨਿਰਾਕਾਰ ਰੂਪ ਦਾ ਕੋਈ ਪੈਰ ਨਹੀਂ। ਨਿਰਾਕਾਰ ਸਰੂਪ ਵਿੱਚ ਤੂੰ ਗੰਧ ਅਨੁਭਵ ਕਰਨ ਵਾਲੀਆਂ ਨਾਸਾਂ ਤੋਂ ਬਿਨਾਂ ਹੈ ਪਰ ਸਰਗੁਣ ਸਰੂਪ ਵਿੱਚ ਤੇਰੀਆਂ ਹਜ਼ਾਰਾਂ ਨਾਸਾਂ ਹਨ। ਅਜਿਹੇ ਕੌਤਕਾਂ ਨਾਲ ਤੂੰ ਸਭ ਨੂੰ ਮੋਹਿਆ ਹੋਇਆ ਹੈ ਤੇ ਇਸ ਮੋਹ ਦੀ ਬੰਨ੍ਹੀ ਹੋਈ ਸਾਰੀ ਕੁਦਰਤ ਤੇਰੀ ਆਰਤੀ ਉਤਾਰਨ ਦੇ ਆਹਰ ਵਿੱਚ ਜੁੱਟੀ ਹੋਈ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ ॥

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਗੁਰ ਸਾਖੀ ਜੋਤਿ ਪਰਗਟੁ ਹੋਇ ॥

ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥

(ਪੰਨਾ 663)

**ਪ੍ਰਸੰਗ :-** **ਇਹ ਕਾਵਿ-ਟੋਟਾ 'ਸਾਹਿਤ-ਵਾਲਾ' ਪੁਸਤਕ ਵਿੱਚ ਦਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਗਗਨ ਮੈ ਥਾਲੁ' ਵਿੱਚੋਂ ਲਿਆ ਗਿਆ ਹੈ। ਇਸ ਬਾਣੀ ਵਿੱਚ ਗੁਰੂ ਜੀ ਨੇ ਮੰਦਿਰਾਂ ਵਿੱਚ ਉਤਾਰੀ ਜਾਂਦੀ ਪ੍ਰਭੂ ਦੀ ਆਰਤੀ ਨੂੰ ਇੱਕ ਫੋਕਟ ਕਰਮ ਕਰਾਰ ਦਿੰਦੇ ਹੋਏ ਦੱਸਿਆ ਹੈ ਕਿ ਸਾਰੀ ਕੁਦਰਤ ਹਰ ਸਮੇਂ ਸਰਗੁਣ ਤੇ ਨਿਰਗੁਣ ਸਰੂਪ ਵਾਲੇ ਪਰਮਾਤਮਾ ਦੀ ਆਰਤੀ ਉਤਾਰਨ ਦੇ ਆਹਰ ਵਿਚ ਲੱਗੀ ਹੋਈ ਹੈ ਅਤੇ ਜੀਵ ਵਿਅਕਤੀਗਤ ਰੂਪ ਵਿੱਚ ਪ੍ਰਭੂ ਦੇ ਚਰਨਾਂ ਨਾਲ ਜੁੜ ਕੇ ਤੇ ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰਕੇ ਪ੍ਰਭੂ ਦੇ ਭਾਣੇ ਵਿੱਚ ਵਿਚਰਦਿਆਂ ਕੁਦਰਤ ਦੁਆਰਾ ਉਤਾਰੀ ਜਾ ਰਹੀ ਇਸ ਆਰਤੀ ਵਿੱਚ ਸ਼ਰੀਕ ਹੁੰਦਾ ਹੈ।**

**ਵਿਆਖਿਆ :-** ਗੁਰੂ ਜੀ ਆਖਦੇ ਹਨ ਹੇ ਪ੍ਰਭੂ ! ਸਾਰੇ ਜੀਵਾਂ ਵਿੱਚ ਤੇਰੀ ਜੋਤ ਹੈ। ਤੇਰੀ ਜੋਤ ਦਾ ਚਾਨਣ ਸਭਨਾਂ ਵਿੱਚ ਹੈ। ਗੁਰੂ ਦੀ ਸਿੱਖਿਆ ਨਾਲ ਹਿਰਦੇ ਵਿਚ ਤੇਰੀ ਜੋਤ ਪ੍ਰਗਟ ਹੁੰਦੀ ਹੈ ਤੇ ਉਸ ਦਾ ਗਿਆਨ ਪ੍ਰਾਪਤ ਹੁੰਦਾ ਹੈ। ਹੇ ਪ੍ਰਭੂ ! ਜਦੋਂ ਜੀਵ ਆਪਣੇ ਅੰਦਰ ਤੇਰੀ ਜੋਤ ਦਾ ਅਨੁਭਵ ਕਰਦਾ ਹੈ, ਤਾਂ ਉਸ ਨੂੰ ਤੇਰੇ ਭਾਣੇ ਦਾ ਗਿਆਨ ਹੁੰਦਾ ਹੈ ਤੇ ਉਸ ਦਾ ਤੇਰੇ ਭਾਣੇ ਵਿੱਚ ਤੁਰਨਾ ਹੀ ਤੇਰੀ ਆਰਤੀ ਹੈ। ਹੇ ਪ੍ਰਭੂ ! ਇਸ ਪ੍ਰਕਾਰ ਤੇਰੇ ਭਾਣੇ ਵਿੱਚ ਤੁਰਦਾ ਜੀਵ ਸਾਰੀ ਕੁਦਰਤ ਦੁਆਰਾ ਉਤਾਰੀ ਜਾ ਰਹੀ ਤੇਰੀ ਆਰਤੀ ਵਿੱਚ ਸ਼ਾਮਿਲ ਹੋ ਜਾਂਦਾ ਹੈ। ਪ੍ਰੰਤੂ ਹੇ ਪ੍ਰਭੂ ! ਤੇਰੇ ਇਸ ਭਾਣੇ ਦਾ ਗਿਆਨ ਦੇਣ ਵਾਲੀ ਗੁਰੂ ਦੀ ਸਿੱਖਿਆ ਪ੍ਰਾਪਤ ਕਰਨ ਲਈ ਤੇਰੀ ਕਿਰਪਾ ਦੀ ਜ਼ਰੂਰਤ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਤੇਰੇ ਚਰਨ ਕਮਲਾਂ ਦੇ ਰਸ ਉੱਪਰ ਮੇਰੇ ਮਨ ਦਾ ਭੌਰਾ ਲੋਭਿਤ ਹੋ ਰਿਹਾ ਹੈ ਅਤੇ ਉਸ ਨੂੰ ਰਾਤ ਦਿਨ ਇਸ ਨੂੰ ਚੂਸਣ ਦੀ ਪਿਆਸ ਲੱਗੀ ਰਹਿੰਦੀ ਹੈ। ਹੇ ਪ੍ਰਭੂ ! ਮੈਨੂੰ ਆਪਣੀ ਕਿਰਪਾ ਦਾ ਜਲ ਦੇਹ, ਤਾਂ ਜੋ ਮੇਰੇ ਪਪੀਹੇ ਵਾਂਗ ਪਿਆਸੇ ਮਨ ਦੀ ਤੜਫ ਮਿਲ ਸਕੇ ਤੇ ਉਹ ਸਦਾ ਤੇਰੇ ਨਾਮ ਵਿੱਚ ਟਿਕਿਆ ਰਹੇ ਕਿਉਂਕਿ ਤੇਰੇ ਨਾਮ ਵਿਚ ਟਿਕਣ ਨਾਲ ਹੀ ਤੇਰੀ ਮਿਹਰ ਦੀ ਪ੍ਰਾਪਤੀ ਹੋ ਸਕਦੀ ਹੈ, ਜੋ ਕਿ ਮੈਨੂੰ ਸੱਚੇ ਗੁਰੂ ਨਾਲ ਮਿਲਾ ਸਕਦੀ ਹੈ ਅਤੇ ਸੱਚੇ ਗੁਰੂ ਦੀ

ਸਿੱਖਿਆ ਮੈਨੂੰ ਤੇਰੇ ਭਾਣੇ ਅੰਦਰ ਤੋਰ ਕੇ ਕੁਦਰਤ ਦੁਆਰਾ ਧਾਰੀ ਜਾ ਰਹੀ ਤੇਰੀ ਆਰਤੀ ਵਿੱਚ ਸ਼ਾਮਿਲ ਹੋਣ ਦੇ ਯੋਗ ਬਣਾ ਸਕਦੀ ਹੈ।

## ਕੇਂਦਰੀ ਭਾਵ

### ਪਵਣੁ ਗੁਰੂ ਪਾਣੀ ਪਿਤਾ

ਸੰਸਾਰ-ਰੂਪੀ ਰੰਗ ਭੂਮੀ ਉੱਤੇ ਜੀਵ ਆਪੋ ਆਪਣੀ ਖੇਡ ਖੇਡਦੇ ਹਨ। ਧਰਮਰਾਜ ਦੁਆਰਾ ਹਰ ਇੱਕ ਦੇ ਕੰਮਾਂ ਦੀ ਕੀਤੀ ਗਈ ਪੜਤਾਲ ਅਨੁਸਾਰ ਕੋਈ ਪ੍ਰਮਾਤਮਾ ਦੇ ਨੇੜੇ ਰਹਿੰਦਾ ਹੈ ਤੇ ਕੋਈ ਦੂਰ ਹੋ ਜਾਂਦਾ ਹੈ। ਜਿਨ੍ਹਾਂ ਨੇ ਸਿਮਰਨ ਦੀ ਖੇਡ ਖੇਡੀ ਹੈ, ਉਹ ਆਪਣੀ ਮਿਹਨਤ ਸਫ਼ਲੀ ਕਰ ਜਾਂਦੇ ਹਨ ਅਤੇ ਕਈ ਹੋਰ ਜੀਵਾਂ ਨੂੰ ਠੀਕ ਰਾਹ ਉੱਤੇ ਪਾਉਂਦੇ ਹੋਏ ਉਹ ਪ੍ਰਭੂ ਦੀ ਹਜ਼ੂਰੀ ਵਿੱਚ ਸੁਰਖ਼ਰੂ ਹੋ ਹੁੰਦੇ ਹਨ।

### ਸੋ ਕਿਉ ਮੰਦਾ ਆਖੀਐ

ਮਨੁੱਖਾ ਜੀਵਨ ਦਾ ਜਨਮ ਤੋਂ ਮਰਨ ਤਕ ਹਰ ਪੜਾਅ ਇਸਤਰੀ ਨਾਲ ਜੁੜਿਆ ਹੋਇਆ ਹੈ ਇਸਤਰੀ ਤੋਂ ਬਾਹਰ ਕੇਵਲ ਪ੍ਰਮਾਤਮਾ ਹੈ ਮਨੁੱਖ ਨਹੀਂ ਰਾਜੇ ਵੀ ਉਸ ਤੋਂ ਹੀ ਜਨਮ ਲੈਂਦੇ ਹਨ ਇਸ ਕਰਕੇ ਇਸਤਰੀ ਨੂੰ ਮੰਦਾ ਨਹੀਂ ਕਹਿਣਾ ਚਾਹੀਦਾ

### ਗਗਨ ਮੈ ਥਾਲੁ

ਸਾਰੀ ਕੁਦਰਤ ਹਰ ਸਮੇਂ ਸਰਗੁਣ ਤੇ ਨਿਰਗੁਣ ਸਰੂਪ ਵਾਲੇ ਪ੍ਰਭੂ ਦੀ ਆਰਤੀ ਉਤਾਰਨ ਦੇ ਆਹਰ ਵਿੱਚ ਜੁਟੀ ਹੋਈ ਹੈ। ਜੀਵ ਪ੍ਰਭੂ ਦੇ ਚਰਨਾਂ ਨਾਲ ਜੁੜ ਕੇ ਉਸ ਦੀ ਕਿਰਪਾ ਨਾਲ ਪ੍ਰਾਪਤ ਹੋਈ ਗੁਰੂ ਦੀ ਸਿੱਖਿਆ ਅਨੁਸਾਰ ਜਦੋਂ ਸਾਰੇ ਜੀਵਾਂ ਵਿੱਚ ਪ੍ਰਭੂ ਦੀ ਜੋਤ ਨੂੰ ਵਸਦੀ ਅਨੁਭਵ ਕਰਕੇ ਉਸ ਦੇ ਪਾਣੀ ਵਿੱਚ ਚੱਲਦਾ ਹੈ, ਤਾਂ ਉਹ ਵੀ ਕੁਦਰਤ ਦੁਆਰਾ ਉਤਾਰੀ ਜਾ ਰਹੀ ਇਸ ਆਰਤੀ ਵਿੱਚ ਸ਼ਾਮਿਲ ਹੋ ਜਾਂਦਾ ਹੈ।

## ਵਸਤੂਨਿਸ਼ਠ ਉੱਤਰ ਵਾਲੇ ਪ੍ਰਸ਼ਨ

1. ਗੁਰੂ ਜੀ ਨੇ ਪਵਨ ਨੂੰ ਕਿਸ ਦਾ ਰੂਪ ਦੱਸਿਆ ਹੈ ?

   ਗੁਰੂ ਦਾ

2. ਗੁਰੂ ਦਾ ਸਭ ਜੀਵਾਂ ਦੀ ਵੱਡੀ ਮਾਤਾ ਕੌਣ ਹੈ

   ਧਰਤੀ

3 ਕਿਸ ਆਧਾਰ ਤੇ ਜੀਵ ਅਕਾਲ ਪੁਰਖ ਦੇ ਨੇੜੇ ਅਤੇ ਦੂਰ ਹੁੰਦੇ ਹਨ ?

   ਆਪਣੇ ਕਰਮਾਂ ਦੇ ਆਧਾਰ ਤੇ

4. ਗੁਰੂ ਨਾਨਕ ਦੇਵ ਜੀ ਅਨੁਸਾਰ ਭੰਡੈ ਬਾਹਰਾ ਕੌਣ ਹੈ ?

   ਪਰਮਾਤਮਾ

5. ਭੰਡ ਸ਼ਬਦ ਦਾ ਕੀ ਅਰਥ ਹੈ ?

   ਇਸਤਰੀ

6. ਸੋ ਕਿਉਂ ਮੰਦਾ ਆਖੀਐ ਸ਼ਬਦ ਵਿੱਚ ਕਿਸ ਦੀ ਮਹਾਨਤਾ ਦੱਸੀ ਗਈ ਹੈ ?

   ਇਸਤਰੀ ਦੀ

7. ਗਗਨ ਮੇਂ ਥਾਲ ਬਾਣੀ ਵਿੱਚ ਕਿਸ ਦੀ ਆਰਤੀ ਉਤਾਰੀ ਜਾ ਰਹੀ ਹੈ ?

   ਭਾਵ ਖੰਡਨਾ ਦੀ / ਪ੍ਰਮਾਤਮਾ ਦੀ

8. ਪ੍ਰਭੂ ਚਰਨਾਂ ਵਿੱਚ ਨਿਵਾਸ ਲਈ ਗੁਰੂ ਜੀ ਕੀ ਮੰਗਦੇ ਹਨ ?

   ਗੁਰੂ ਦੀ ਕਿਰਪਾ

9. ਗਗਨ ਮੇਂ ਥਾਲ ਸ਼ਬਦ ਵਿੱਚ ਭਵ ਖੰਡਨਾ ਦੀ ਆਰਤੀ ਕੌਣ ਉਤਾਰ ਰਿਹਾ ਹੈ ?

   ਸਾਰੀ ਕੁਦਰਤ